ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

DGSE (busy)
17-5-19
a/c Legal
DM (MIS)

ਸ਼੍ਰੀ ਮੋਤੀ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਲਵਾਨ, ਸੰਗਰੂਰ ਵੱਲੋਂ ਵਿੱਤ ਵਿਭਾਗ ਦੀਆਂ ਹਦਾਇਤਾਂ 22/2/2012-3ਐਫ.ਪੀ.2/257 ਮਿਤੀ 30.10.2015 ਅਤੇ ਪੱਤਰ ਨੰ:22/2/12-3ਐਫ.ਪੀ/83 ਮਿਤੀ 30.10.15 ਦੇ ਸਨਮੁੱਖ ਪਹਿਲੇ ਸਾਲ ਦਾ ਵਾਧਾ ਲੈਣ ਲਈ ਅਨੁਲੱਗ "ੳ" ਆਪਸ਼ਨ ਭਰ ਕੇ ਭੇਜੀ ਗਈ ਹੈ। ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਦੀਆਂ ਹਦਾਇਤਾਂ ਮਿਤੀ 01.01.2019 ਵਿੱਚ ਹੇਠਾਂ ਦਰਜ ਹਦਾਇਤਾਂ ਅਨੁਸਾਰ ਉਪਬੰਧ ਕੀਤਾ ਗਿਆ ਹੈ:-

"ਸਰਕਾਰ ਵੱਲੋਂ ਇਸ ਮਾਮਲੇ ਤੇ ਮੁੜ ਵਿਚਾਰ ਕਰਦੇ ਹੋਏ ਮਿਤੀ 22.05.2017 ਦੀਆਂ ਹਦਾਇਤਾਂ ਰਾਹੀਂ ਮਿਲਣ ਵਾਲਾ ਇਹ ਵਾਧਾ ਸਰੀਰਕ ਅੰਗਹੀਣਾਂ ਕੋਟੇ ਦੀ ਰਿਜ਼ਰਵ ਅਸਾਮੀ ਵਿਰੁੱਧ ਨਿਯੁਕਤ ਹੋਏ ਅਧਿਕਾਰੀ/ਕਰਮਚਾਰੀਆਂ ਨੂੰ ਨਹੀਂ ਬਲਕਿ ਹਰੇਕ ਕਰਮਚਾਰੀ ਜੋ ਸਰੀਰਕ ਤੌਰ ਤੇ ਅਪੰਗ ਹੈ, ਭਾਵੇਂ ਇਹ ਅਪੰਗਤਾਂ ਸੇਵਾ ਵਿੱਚ ਆਉਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਹੋਈ ਹੋਵੇ, ਨੂੰ ਮਿਲਣਯੋਗ ਹੋਵੇਗਾ ਬਸ਼ਰਤੇ ਕਿ ਅਜਿਹਾ ਕਰਮਚਾਰੀ ਰਾਖਵੀਂ ਅਸਾਮੀ ਤੇ ਆਏ ਕਰਮਚਾਰੀਆਂ ਵਾਂਗ ਦੀ ਹਾਈਟ ਆਫ ਪਰਸ਼ਨਜ਼ ਵਿੱਦ ਡਿਸਬਿਲਟੀ ਐਕਟ, 2016 ਦੇ ਮਾਪਦੰਡ ਪੂਰਾਂ ਕਰਦੇ ਹੋਵੇ ਅਤੇ ਸਬੰਧਤ ਕੰਪੀਟੈਂਟ ਮੈਡੀਕਲ ਅਥਾਰਟੀ ਪਾਸੋਂ ਡਿਸਅਬਿਲਟੀ ਸਬੰਧੀ ਸਰੀਟਫਿਕੇਟ ਪ੍ਰਾਪਤ ਕੀਤਾ ਹੋਵੇ।

ਇਹ ਹਦਾਇਤਾਂ ਮਿਤੀ 22.05.2017 ਤੋਂ ਲਾਗੂ ਹੋਣਗੀਆਂ।

ਉਪਰੋਕਤ ਦੇ ਸਨਮੁੱਖ ਸ਼੍ਰੀ ਮੋਤੀ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਲਵਾਨ, ਸੰਗਰੂਰ ਦਾ ਅੰਗਹੀਣ ਦੇ ਅਧਾਰ ਤੇ ਸੇਵਾਕਾਲ ਵਿੱਚ ਵਾਧਾ ਮਿਤੀ 01.07.2018 ਤੋਂ ਮਿਤੀ 30.06.2019 ਤੱਕ ਦਿੱਤਾ ਜਾਂਦਾ ਹੈ।

ਮਿਤੀ:ਚੰਡੀਗੜ੍ਹ:
10.05.2019

ਕ੍ਰਿਸ਼ਨ ਕੁਮਾਰ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ
ਸਿੱਖਿਆ ਵਿਭਾਗ ਸਕੂਲਜ਼।

ਪਿੱਠਅੰਕਣ ਨੰ:01/031/19-5ਸਿ4/ 1483521/1-8 ਮਿਤੀ ਚੰਡੀਗੜ੍ਹ: 15-05-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਐਡਵੋਕੇਟ ਜਨਰਲ ਪੰਜਾਬ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਿਵਲ ਰਿੱਟ ਪਟੀਸ਼ਨ ਨੰ:10608 ਆਫ 2018 ਜੋ ਪਟੀਸਨਰ ਵਲੋਂ ਉਸਦਾ ਵਾਧਾ ਰੱਦ ਕੀਤੇ ਜਾਣ ਵਿਰੁੱਧ ਕੀਤੀ ਗਈ ਹੈ ਅਤੇ ਮਾਣਯੋਗ ਕੋਰਟ ਵੱਲੋਂ ਇਹ ਹੁਕਮ ਸਟੇਅ ਕੀਤੇ ਗਏ ਹਨ, ਸਬੰਧੀ ਉਕਤ ਅਨੁਸਾਰ ਪਾਲਣਾ ਹੋ ਜਾਣ ਸਬੰਧੀ ਮਾਨਯੋਗ ਅਦਾਲਤ ਨੂੰ ਜਾਣੂ ਕਰਵਾਉਣ ਦੀ ਖੇਚਲ ਕਰਨ ਅਤੇ ਇਹ ਕੇਸ ਡਿਸਪੋਜ਼ ਆਫ ਕਰਵਾਉਣ ਸਬੰਧੀ ਬੇਨਤੀ ਕਰ ਦਿੱਤੀ ਜਾਵੇ।
2. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) (ਸੇਵਾਵਾਂ-3 ਸ਼ਾਖਾ) ਪੰਜਾਬ ਸਕੂਲ ਸਿੱਖਿਆ ਵਿਭਾਗ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8 ਮੋਹਾਲੀ।
4. ਡਾਇਰੈਕਟਰ ਸਿੱਖਿਆ ਵਿਭਾਗ (ਐਸਿ) (ਸੇਵਾਵਾਂ-3 ਸ਼ਾਖਾ) ਪੰਜਾਬ ਸਕੂਲ ਸਿੱਖਿਆ ਵਿਭਾਗ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8 ਮੋਹਾਲੀ।
5. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਹੁਕਮਾਂ ਨੂੰ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ।
6. ਸਬੰਧਤ ਜਿਲਾ ਖਜਾਨਾ ਅਫਸਰ।
7. ਦਫਤਰ ਜਿਲਾ ਸਿੱਖਿਆ ਅਫਸਰ (ਸੈਸਿ) ਪਟਿਆਲਾ।
8. ਸ਼੍ਰੀ ਮੋਤੀ ਸਿੰਘ, ਸਸਸਸ, ਭਲਵਾਨ, ਸੰਗਰੂਰ

O/o DGSE CUM SPD
Sarva Shiksha Abhiyan Authority (Pb.)
Central Dairy
No. 16163 17/5/19

15/5/19
ਸੁਪਰਡੰਟ